## ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.) ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ਼ - 8, ਸ.ਅ.ਸ. ਨਗਰ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),

ਪੰਜਾਬ।

ਮੀਮੋ ਨੰ.: ਪੀ.ਏ./2023/142/5711

ਮਿਤੀ:- 20.11.2023

ਵਿਸ਼ਾ:- **ਈ-ਪੋਰਟਲ ਦੀ ਤਕਨੀਕੀ ਖਰਾਬੀ ਕਾਰਨ ਚਾਈਲਡ ਕੇਅਰ ਲੀਵ ਦਾ ਨਿਪਟਾਰਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਿੰਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਦੇ ਈ-ਪੋਰਟਲ ਦੀ ਤਕਨੀਕੀ ਖਰਾਬੀ ਕਾਰਨ ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਇਸਤਰੀ ਮੁਲਾਜ਼ਮਾਂ ਵੱਲੋਂ ਈ-ਪੋਰਟਲ ਤੇ ਅਪਲਾਈ ਕੀਤੀਆਂ ਚਾਈਲਡ ਕੇਅਰ ਲੀਵ ਦਾ ਨਿਪਟਾਰਾ ਨਹੀ ਹੋ ਰਿਹਾ ਹੈ। ਵਿਭਾਗ ਵਿੱਚ ਕੰਮ ਕਰਦੀਆਂ ਕਈ ਇਸਤਰੀ ਮੁਲਾਜ਼ਮਾਂ ਵੱਲੋਂ ਨਿੰਮਨਹਸਤਾਖਰ ਨੂੰ ਨਿੱਜੀ ਤੌਰ ਤੇ ਮਿਲ ਕਿ ਉਹਨਾਂ ਦੇ ਬੱਚਿਆ ਦੀ ਬਿਮਾਰੀ ਸਨਮੁੱਖ ਬੱਚੇ ਦੀ ਦੇਖਭਾਲ ਲਈ ਅਪਲਾਈ ਕੀਤੀਆਂ ਚਾਈਲਡ ਕੇਅਰ ਲੀਵ ਮੰਜ਼ੂਰ ਕਰਨ ਲਈ ਬੇਨਤੀ ਕੀਤੀ ਹੈ।

2.0 ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਦੋਂ ਤੱਕ ਸਿੱਖਿਆ ਵਿਭਾਗ ਦੇ ਈ-ਪੋਰਟਲ ਵਿੱਚ ਆਈ ਤਕਨੀਕੀ ਖਰਾਬੀ ਠੀਕ ਨਹੀਂ ਹੋ ਜਾਂਦੀ ਉਦੋਂ ਤੱਕ ਅਜਿਹੀਆਂ ਇਸਤਰੀ ਮੁਲਾਜ਼ਮਾਂ ਵੱਲੋਂ ਆਪਣੇ ਬੱਚੇ ਦੀ ਦੇਖ ਭਾਲ ਲਈ Medical ground ਤੇ ਅਪਲਾਈ ਕੀਤੀਆਂ ਚਾਈਲਡ ਕੇਅਰ ਲੀਵ ਨਾਲ ਨੱਥੀ ਡਾਕਟਰੀ ਸਰਟੀਫਿਕੇਟਾਂ ਅਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਦੀ ਆਪਣੇ ਪੱਧਰ ਤੇ ਘੋਖ/ਤਸੱਲੀ ਕਰਨ ਉਪਰੰਤ 15 ਦਿਨ ਦੀ ਚਾਈਲਡ ਕੇਅਰ ਲੀਵ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।

3.0 ਉਪਰੋਕਤ ਹੁਕਮ ਕੇਵਲ ਸਿੱਖਿਆ ਵਿਭਾਗ ਦੇ ਈ-ਪੋਰਟਲ ਵਿੱਚ ਆਈ ਤਕਨੀਕੀ ਖਰਾਬੀ ਠੀਕ ਹੋਣ ਤੱਕ ਦੇ ਸਮੇਂ ਲਈ ਹੀ ਲਾਗੂ ਹੋਣਗੇ।

**ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈ.), ਪੰਜਾਬ**

Scanned with OKEN Scanner

# ਦਫਤਰ ਜ਼ਿਲ੍ਹਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: 5711 ਮਿਤੀ 22.11.2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਸਸਸਸ/ਸਹਸ/ਸਮਸ ਜਿਲਾ ਬਠਿੰਡਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਦੇ ਸਕੂਲ ਨਾਲ ਸੰਬਧਤ ਚਾਈਲਡ ਕੇਅਰ ਲੀਵ ਦੇ ਕੇਸ ਜੋ ਈ-ਪੰਜਾਬ ਪੋਰਟਲ ਤੇ ਆਨ ਲਾਈਨ ਅਪਲਾਈ ਕੀਤੇ ਜਾ ਚੁੱਕੇ ਹਨ ਉਹ ਕੇਸ (ਹਾਰਡ ਕਾਪੀ) ਉਕਤ ਪੱਤਰ ਵਿਚ ਦਰਜ ਹਦਾਇਤਾਂ ਅਤੇ ਤਕਨੀਕੀ ਖਰਾਬੀ ਕਾਰਨ ਮੁਕੰਮਲ ਦਸਤਾਵੇਜਾਂ ਸਹਿਤ ਇਸ ਦਫਤਰ ਨੂੰ ਭੇਜਣੇ ਯਕੀਨੀ ਬਣਾਏ ਜਾਣ ਤਾਂ ਜੋ ਇਹਨਾਂ ਦਾ ਨਿਪਟਾਰਾ ਕੀਤਾ ਜਾ ਸਕੇ।

22/11/23

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner